ਸਾਡੇ ਮੰਤਵ

ਸੱਤਾਂ ਜੋੜਿਆਂ ਵਿਚੋਂ ਇਕ ਤਕ ਇੰਨੇ ਸਾਰੇ ਜੋੜੇ ਹਨ ਜਿਨ੍ਹਾਂ ਲਈ ਬੱਚਾ ਲੈਣਾ (ਗਰਭਧਾਰਣ ਕਰਨਾ) ਔਖਾ ਹੈ। ਇਨ੍ਹੀਂ ਵਿਚੋਂ ਕੁੱਝ ਜੋੜਿਆਂ ਲਈ ਬੱਚੇ ਲੈਣ ਦੀ ਆਸ ਪੂਰੀ ਕਰਨ ਲਈ ਵਿਗਿਆਨੀ ਢੰਗ ਨਾਲ ਦਾਨੀ ਵੀਰਜ ਪਾ ਕੇ ਗਰਭਧਾਰਣ ਕਰਨਾ ਹੀ ਇਕ ਢੰਗ ਹੋ ਸਕਦਾ ਹੈ। ਇਸੇ ਤਰ੍ਹਾਂ ਜਿੱਥੇ ਇਸਤਰੀ ਪਾਰਟਨਰ ਆਂਡੇ ਨਾ ਬਣਾ ਸਕਦੀ ਹੋਵੇ, ਉੱਥੇ ਦਾਨ ਕੀਤੇ ਆਂਡੇ ਵਰਤੇ ਜਾਂਦੇ ਹਨ। ਇਕੱਲੀਆਂ ਇਸਤਰੀਆਂ ਅਤੇ ਇਸਤਰੀ ਸਮਲਿੰਗ ਭੋਗ ਕਰਨ ਵਾਲੀਆਂ (ਲੈੱਜ਼ਬਿਅਨ) ਇਸਤਰੀਆਂ ਵੀ ਜਨਮ ਦੇਣ ਦੀ ਯੋਗਤਾ ਰੱਖਦੇ (ਫ਼ਰਟਿਲੀਟੀ) ਕਲਿੱਨਿਕਸ ਦੀ ਮਦਦ ਨਾਲ ਦਾਨ ਕੀਤੇ ਵੀਰਜ ਨਾਲ ਗਰਭਵਤੀਆਂ ਹੋ ਸਕਦੀਆਂ ਹਨ। ਇਨ੍ਹਾਂ ਦਾਨ ਕੀਤੇ ਵੀਰਜ-ਅਣੂਆਂ ਦੇ ਇਲਾਜ ਕਰਨ ਨਾਲ ਯੂ ਕੇ ਵਿਚ ਹਰੇਕ ਸਾਲ ਲਗਭਗ 2,200 ਬੱਚੇ ਜਨਮ ਲੈਂਦੇ ਹਨ।

ਇਸ ਢੰਗ ਨਾਲ ਜਨਮੇ ਬੱਚਿਆਂ ਦੇ ਮਾਪਿਆਂ ਲਈ ਇਕ ਵੱਡੀ ਸਮੱਸਿਆ ਇਹ ਹੈ ਕਿ ਉਹ ਆਪਣੇ ਬੱਚਿਆਂ, ਪਰਵਾਰ ਦੇ ਹੋਰ ਮੈਂਬਰਾਂ ਜਾਂ ਮਿੱਤਰਾਂ ਨੂੰ ਦੱਸਣ ਜਾਂ ਨਾ ਦੱਸਣ।1993 ਵਿਚ **ਡੀ ਸੀ ਨੈੱਟਵਰਕ** ਉਨ੍ਹਾਂ ਮਾਪਿਆਂ ਨੇ ਸ਼ੁਰੂ ਕੀਤਾ ਸੀ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਇਹ ਦੱਸਣ ਦਾ ਫ਼ੈਸਲਾ ਕਰ ਲਿਆ ਸੀ ਕਿ ਉਹ ਕਿੰਵੇਂ ਜਨਮੇ ਸਨ ਅਤੇ ਜੋ ਇਕ ਦੂਜੇ ਦਾ ਸਹਿਯੋਗ ਕਰਨ ਲਈ ਇਕੱਠੇ ਹੋਏ ਸਨ।

## ਪਰਵਾਰਾਂ ਲਈ

ਸਾਡਾ ਵਿਚਾਰ ਹੈ ਕਿ ਸਾਡੇ ਬੱਚਿਆ ਨੂੰ ਇਹ ਜਾਣਦਿਆਂ ਹੋਇਆਂ ਵੱਡੇ ਹੋਣ ਦੀ ਲੋੜ ਹੈ ਕਿ ਉਹ ਕਿਸ ਢੰਗ ਨਾਲ ਜਨਮੇ ਸਨ। ਸਾਡੇ ਵਿਚਾਰ ਵਿਚ ਡਾਕਟਰ ਭੇਤ ਰੱਖਣ ਦੀ ਜਿਸ ਬਿਰਤੀ ਬਾਰੇ ਸਲਾਹ ਦਿੰਦੇ ਸਨ, ਹੁਣ ਉਹ ਸੱਭ ਤੋਂ ਚੰਗੀ ਸਲਾਹ ਦਾ ਪਰਦਰਸ਼ਨ ਨਹੀਂ ਰਹੀ।

ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾ ਛੇਤੀਂ ਹੋ ਸਕੇ ਆਪਣੇ ਬੱਚਿਆਂ ਅਤੇ ਆਪਣੇ ਪਰਵਾਰਾਂ, ਦੋਵਾਂ ਨਾਲ ਗੱਲ ਕਰਨੀ ਸ਼ੁਰੂ ਕਰਨੀ ਸੱਭ ਤੋਂ ਚੰਗੀ ਗੱਲ ਹੈ ਅਤੇ ਇਹ ਕਿ ਕਿਸੇ ਦੇ ਮੂਲ (ਜਨਮ) ਜਿਹੇ ਮਹੱਤਵਪੂਰਨ ਮਾਮਲੇ ਬਾਰੇ ਭੇਤ ਰੱਖਣਾ, ਸ਼ੰਕਾ ਭਰੇ ਆਧਾਰ ’ਤੇ ਇਕ ਪਿਆਰਾ ਅਤੇ ਪੱਕਾ ਪਰਵਾਰਕ ਰਿਸ਼ਤਾ ਬਣਾ ਕੇ ਰੱਖਣਾ ਹੋਵੇਗਾ।

ਜੇ ਸਮਾਜ ਬੱਚਾ ਨਾ ਜੰਮ ਸਕਣ ਦੀ ਅਯੋਗਤਾ ਬਾਰੇ ਅਤੇ ਦਾਨੀ ਵੀਰਜ-ਅਣੂਆਂ ਦੀ ਮਦਦ ਨਾਲ ਪਰਵਾਰ ਬਣਾਉਣ ਬਾਰੇ ਵਧੇਰੇ ਖੱਲ੍ਹਾ ਹੋਵੇ, ਤਾਂ ਇਹ ਸੱਭ ਕੁੱਝ ਕਰਨਾ ਬਹੁਤ ਸੌਖਾ ਹੋ ਜਾਵੇਗਾ।

ਇਸ ਲਈ ਅਸੀਂ ਜਾਣ ਕੇ ਇਸ ਮਾਮਲੇ ਨੂੰ ਇਸ ਢੰਗ ਨਾਲ (ਸੰਚਾਰ ਸਾਧਨਾਂ) ਅਖ਼ਬਾਰਾਂ, ਰੇਡੀਉ ਅਤੇ ਟੀ ਵੀ ਵਿਚ ਸੁਹਿਰਦ ਕਵਰ ਕਰਨ ਦਾ ਜਤਨ ਕੀਤਾ ਹੈ ਜਿਸ ਨਾਲ ਜਨਤਾ ਵਿਆਪਕ ਰੂਪ ਵਿਚ ਇਸ ਢੰਗ ਨੂੰ ਸਵੀਕਾਰ ਕਰੇਗੀ।

Punjabi